ਅੰਦਰੂਨੀ ਵਰਤੋਂ ਲਈ

# ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

ਰਜਿ. ਆਫਿਸ: ਪੀ.ਐਸ.ਈ.ਬੀ. ਹੈੱਡ ਆਫਿਸ, ਦੀ ਮਾਲ, ਪਟਿਆਲਾ-147001

PUNJAB STATE TRANSMISSION CORPORATION LIMITED

# ਖ਼ਬਰਨਾਮਾ

2nd Issue : ਅਪ੍ਰੈਲ 2014

## ਤਤਕਰਾ

ਪੰਨਾ-2

- ਪੀ.ਐਸ.ਟੀ.ਸੀ.ਐਲ ਦੀ ਤਿਮਾਹੀ ਪ੍ਰਗਤੀ ਰਿਪੋਰਟ
- ਵਧੀਆ ਕਾਰਗੁਜਾਰੀ ਵਾਲੇ ਸਬ-ਸਟੇਸ਼ਨ ਅਤੇ ਸੰਚਾਰ ਲਾਈਨਾਂ
- ਵਧੀਆ ਕੰਮਕਾਜ ਵਾਲੇ ਕਰਮਚਾਰੀ
- ਵਿਦਾਇਗੀਆਂ

ਪੰਨਾ-3

- ਗਣਤੰਤਰ ਦਿਵਸ 2014
- ਲੇਖ - ਕੰਡਕਟਰ , ਉਂਚ ਤਾਪਮਾਨ ਤੇ ਘੱਟ ਸੈਗ ਲਈ
- ਆਈ. ਟੀ ਦੇ ਉਪਰਾਲੇ

ਪੰਨਾ-4

- ਨਵੇਂ ਸਬ-ਸਟੇਸ਼ਨਾਂ ਦਾ ਉਦਘਾਟਨ
- ਕਵਿਤਾਵਾਂ
- ਪੀ.ਐਸ.ਟੀ.ਸੀ.ਐਲ ਦੀਆਂ ਝਲਕੀਆਂ

## ਸੀ.ਐਮ.ਡੀ. ਵਲੋਂ ਸੁਨੇਹਾ



ਪੀ.ਐਸ.ਟੀ.ਸੀ.ਐਲ ਦਾ ਦੂਜਾ ਖਬਰਨਾਮਾ ਜਾਰੀ ਕਰਨ ਦੇ ਮੋਕੇ ਤੇ ਮੈਂ ਸਾਰੇ ਮੁਲਾਜਮਾਂ ਨੂੰ ਖਾਸ ਕਰ ਜਿਹੜੇ ਲਾਈਨਾਂ ਦਾ ਰੱਖ-ਰੱਖਾਵ ਅਤੇ ਸੰਭਾਲ ਕਰਦੇ ਹਨ, ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਹੋਰ ਵੀ ਸੂਚੇਤ ਹੋ ਕਿ ਕੰਮ ਕਰਨ ਤਾਂ ਜੋ ਗਰਮੀ ਦੇ ਮੋਸਮ ਸਮੇਂ ਨਿਰਵਿਘਨ ਬਿਜਲੀ ਸਪਲਾਈ ਦਿਤੀ ਜਾ ਸਕੇ। ਨਿਰਵਿਘਨ ਬਿਜਲੀ ਸਪਲਾਈ ਦੇ ਲਈ ਸਾਨੂੰ ਪੀ.ਐਸ.ਪੀ.ਸੀ.ਐਲ. ਨਾਲ ਤਾਲਮੇਲ ਰੱਖਣਾ ਚਾਹੀਦਾ ਹੈ ਤਾਂ ਜੋ ਬਿਜਲੀ ਸਿਸਟਮ ਤੇ ਭਾਰ ਠੀਕ ਢੰਗ ਨਾਲ ਪਾਇਆ ਜਾਵੇ। ਐਸ.ਐਲ.ਡੀ.ਸੀ. ਨੂੰ ਹੋਰ ਸੁਚੇਤ ਹੋ ਕੇ ਸ/ਸ ਨੂੰ ਹਦਾਂ ਵਿਚ ਰੱਖਣਾ ਚਾਹੀਦਾ ਹੈ ਤਾਂ ਜੋ ਗਰਮੀ ਦੇ ਮੋਸਮ ਵਿੱਚਪਾਵਰ ਸਿਸਟਮ ਇਕਮਿਕਤਾ ਨਾਲ ਚਲ ਸਕੇ।

ਮੈਂ ਪੀ.ਐਸ.ਟੀ.ਸੀ.ਐਲ ਦੇ ਸਾਰੇ ਪਰਿਵਾਰਿਕ ਮੈਂਬਰਾਂ ਨੂੰ ਸੁੱਭ ਕਾਮਨਾਵਾਂ ਦਿੰਦਾ ਹਾਂ ।

**ਅਨੁਰਾਗ ਅਗਰਵਾਲ,**
ਆਈ.ਏ.ਐਸ.



400 ਕੇ.ਵੀ. ਸ/ਸ ਭਲਵਾਨ (ਧੂਰੀ) ਵਿਖੇ ਮਾਨਯੋਗ ਉੱਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਮਿਤੀ 11.2.2014 ਨੂੰ 400 ਕੇ.ਵੀ. ਰਿੰਗਮੇਨ ਸਿਸਟਮ ਦਾ ਉਦਘਾਟਨ ਕੀਤਾ ਗਿਆ।

## ਨਵੀ ਨਿਯੁਕਤੀ



ਇੰਜੀ: ਸ਼ਸੀ ਪ੍ਰਭਾ ਨੇ 20 ਫਰਵਰੀ, 2014 ਬ.ਦੁ ਨੂੰ ਡਾਇਰੈਕਟਰ/ ਤਕਨੀਕੀ ਦਾ ਅਹੁਦਾ ਸੰਭਾਲਿਆ। ਪੀ.ਐਸ.ਟੀ.ਸੀ.ਐਲ. ਦੀ ਮੈਨੇਜਮੈਂਟ ਨੇ ਇਸ ਮੋਕੇ ਤੇ ਉਨਾਂ ਨੂੰ ਵਧਾਈ ਦਿੱਤੀ ਤੇ ਉਹਨਾਂ ਦੀ ਨਿਯੁਕਤੀ ਦਾ ਸਵਾਗਤ ਕੀਤਾ।

# ਪੀ.ਐਸ.ਟੀ.ਸੀ.ਐਲ ਦੀ ਤਿਮਾਹੀ (ਜਨਵਰੀ - ਮਾਰਚ 2014) ਪ੍ਰਗਤੀ ਰਿਪੋਰਟ

| Sr.no | Description | | Up to 31.12.2013 | Up to 31.3.2014 | Net progress during the quarter |
|---|---|---|---|---|---|
| 1 | Sub- station ending the year | | | | |
| A | 400 KV | | 02 | 03 | 01 nos. |
| B | 220 KV | | 85 | 88 | 03 nos. |
| C | 132 KV | | 78 | 77 | 1 no. S/s upgraded to 220 KV S/s |
| | Total | | 165 | 168 | 4 nos. |
| 2. | Capacity (Transformers) | | | | |
| A | 400 KV | MVA | 1000 | 1630 | 630 MVA |
| B | 220 KV | MVA | 19465 | 20340 | 875 MVA |
| C | 132 KV | MVA | 6324 | 6349 | 25 MVA |
| D | 66 KV | MVA | 2533 | 2663 | 130 MVA |
| E | 33 KV | MVA | 5 | 5 | -- |
| | Total | MVA | 29327 | 30987 | 1660 MVA |
| 3. | Transmission Lines (Ckt. Kms.) Erected | | | | |
| A | 400 KV | | 1362.69 | 1530.47 | 167.78 Ckt.Kms. |
| B | 220 KV | | 6002.952 | 6131.024 | 128.072 Ckt.Kms. |
| C | 132 KV | | 3131.70 | 3131.70 | -- |
| | Total | | 10497.342 | 10793.194 | 295.852 Ckt.Kms. |

## ਵਧੀਆ ਕਾਰਗੁਜਾਰੀ ਵਾਲੇ ਸਬ-ਸਟੇਸ਼ਨ ਅਤੇ ਸੰਚਾਰ ਲਾਈਨਾ



220 ਕੇ.ਵੀ. ਸਬ ਸਟੇਸ਼ਨ ਦਸੂਹਾ ਵਧੀਆਂ ਕਾਰਗੁਜਾਰੀ ਦਾ ਅਵਾਰਡ ਪ੍ਰਾਪਤ ਕਰਦੇ ਹੋਏ।

ਪੀ.ਐਸ.ਟੀ.ਸੀ.ਐਲ. ਵੱਲੋਂ ਇਸ ਸਾਲ ਗਣਤੰਤਰ ਦਿਵਸ ਦੇ ਮੌਕੇ ਤੇ ਸਭ ਤੋਂ ਵਧੀਆ ਕਾਰਗੁਜਾਰੀ ਵਾਲੇ ਸਬ-ਸਟੇਸ਼ਨ ਅਤੇ ਸੰਚਾਰ ਲਾਈਨਾ ਨੂੰ ਇਨਾਮ ਦੇਣ ਦਾ ਫੈਸਲਾ ਲਿਆ ਅਤੇ ਇਹ ਰਸਮ ਅੱਗੇ ਤੋਂ ਵੀ ਲਾਗੂ ਰੱਖੀ ਜਾਵੇਗੀ। ਚੋਣ ਕਮੇਟੀ ਵਲੋਂ 5 ਨੰ. ਸਬ ਸਟੇਸ਼ਨ ਅਤੇ 5 ਨੰ. ਸੰਚਾਰ ਲਾਈਨਾ ਨੂੰਵਧੀਆ ਕਾਰਗੁਜਾਰੀ ਲਈ ਚੁਣਿਆ ਗਿਆ :-

**<u>ਸਬ ਸਟੇਸ਼ਨ</u>**

1. 220 ਕੇ.ਵੀ. ਸਰਨਾ
2. 220 ਕੇ.ਵੀ. ਮਾਨਸਾ
3. 220 ਕੇ.ਵੀ. ਦਸੂਹਾ
4. 220 ਕੇ.ਵੀ. ਗੋਰਾਇਆ
5. 220 ਕੇ.ਵੀ. ਧੂਰੀ

**<u>ਸੰਚਾਰ ਲਾਈਨ</u>**

1. 220 ਕੇ.ਵੀ. ਖਾਸਾ - ਸਿਵਲ ਲਾਈਨ ਅਮ੍ਰਿੰਤਸਰ
2. 220 ਕੇ.ਵੀ. ਲਹਿਰਾ ਮੁਹਬਤ - ਬਾਜਾਖਾਨਾ
3. 132 ਕੇ.ਵੀ. ਹੁਸਿਆਰਪੁਰ - ਚੋਹਾਲ
4. 220 ਕੇ.ਵੀ. ਮਲੇਰਕੋਟਲਾ - ਪੱਖੋਵਾਲ
5. 220 ਕੇ.ਵੀ. ਮੋਹਾਲੀ - ਰਾਜਪੁਰਾ

220 ਕੇ.ਵੀ. ਦਸੂਹਾ ਸਬ ਸਟੇਸਨ ਨੂੰ ਸਭ ਤੋ ਵਧੀਆ ਗਰਿਡ ਸ/ਸ ਅਤੇ 220 ਕੇ.ਵੀ. ਮਲੇਰਕੋਟਲਾ - ਪੱਖੋਵਾਲ ਲਾਈਨ ਸਭ ਤੋ ਵਧੀਆ ਟਰਾਂਸਮਿਸ਼ਨ ਲਾਈਨ ਚੁਣਿਆ ਗਿਆ ਅਤੇ ਉਹਨਾਂ ਨੂੰ ਸਨਮਾਨ ਚਿੰਨ ਅਤੇ 15,000/- ਰੁਪਏ ਨਗਦ ਪੁਰਸਕਾਰ ਦਿੱਤਾ ਗਿਆ । ਬਾਕੀ ਦੇ ਚਾਰ ਸਬ ਸਟੇਸ਼ਨਾਂ ਅਤੇ ਸੰਚਾਰ ਲਾਈਨਾਂ ਨੂੰ ਸਨਮਾਨ ਪੱਤਰ ਨਾਲ ਸਨਮਾਨਿਤ ਕੀਤਾ ਗਿਆ ।

### ਵਧੀਆਂ ਕਾਰਗੁਜਾਰੀ ਵਾਲੇ ਮੁਲਾਜਮ

ਪੀ.ਐਸ.ਟੀ.ਸੀ.ਐਲ ਦੀ ਮੈਨੇਜਮੈਂਟ ਵਲੋਂ ਗਣਤੰਤਰਤਾ ਦਿਵਸ ਦੇ ਮੋਕੇ ਤੇ ਹੇਠ ਲਿਖੇ ਵਧੀਆ ਕਾਰਗੁਜਾਰੀ ਵਾਲੇ ਮੁਲਾਜਮਾਂ ਨੂੰ ਸਨਮਾਨ ਚਿੰਨ ਨਾਲ ਸਨਮਾਨਤ ਕੀਤਾ ਗਿਆ :-

| ਲੜੀ ਨੰ. | ਅਧਿਕਾਰੀ/ਕਰਮਚਾਰੀ ਦਾ ਨਾਮ | ਅਹੁੱਦਾ |
|---|---|---|
| 1. | ਇੰਜ. ਮਨਮੋਹਣ ਸਿੰਘ | ਸੀ. ਕਾ.ਕ. ਇੰਜੀ./ਪੀ.ਸੀ. |
| 2. | ਇੰਜ.ਮਨੀਸ਼ ਭਾਰਦਵਾਜ | ਵਧੀਕ ਨਿੰਗਰਾਂਨ ਇੰਜ. |
| 3. | ਸ੍ਰੀ ਸੁਮਿਤ ਬਾਂਸਲ | ਲੇਖਾ ਅਫਸਰ, ਬਜਟ |
| 4. | ਇੰਜ. ਅਸੋਕ ਕੁਮਾਰ ਯਾਦਵ | ਸਹਾਇਕ ਕਾ.ਕਾ. ਇੰਜੀ. |
| 5. | ਸ੍ਰੀਮਤੀ ਹੇਮਲਤਾ | ਸੁਪਰਡੈਂਟ/ ਗ੍ਰੇਡ |
| 6. | ਸ੍ਰੀ ਸਾਮ ਸੁੰਦਰ ਕਾਲੀਆ | ਸੁਪਰਡੈਂਟ |
| 7. | ਇੰਜ. ਕੰਵਲਜੀਤ ਸਿੰਘ | ਏ.ਏ.ਈ. |
| 8. | ਇੰਜ. ਜਗਜੀਤ ਸਿੰਘ | ਏ.ਏ.ਈ. |
| 9. | ਸੀ.ਏ. ਰਾਜੇਸ ਬਾਂਸਲ | ਐਸ.ਏ.ਐਸ. ਅਕਾਊਂਟਸ |
| 10. | ਸ੍ਰੀ ਬ੍ਰਿਜੇਸ ਸ਼ਰਮਾ | ਹੇ.ਸ੍ਰੇ.ਕ. |
| 11. | ਸ੍ਰੀ ਪਰਮਜੀਤ ਸਿੰਘ | ਲਾਈਨਮੈਂਨ |
| 12. | ਸ੍ਰੀ ਰੁਮੇਲ ਸਿੰਘ | ਏ.ਐਲ.ਐਮ. |
| 13. | ਸ੍ਰੀ ਚਰਨਜੀਤ ਸਿੰਘ | ਏ.ਐਲ.ਐਮ. |

### <u>220 ਕੇ.ਵੀ. ਦਸੂਹਾ ਦਾ ਸੰਖੇਪ:</u>

ਇਹ ਸਬ ਸਟੇਸ਼ਨ ਮਿਤੀ 9.2.1983 ਨੂੰ ਚਾਲੂ ਕੀਤਾ ਗਿਆ ਅਤੇ ਇਸ ਸਬ ਸਟੇਸਨ਼ ਤੋਂ ਦਸੂਹਾ - ਪੋਂਗ ਅਤੇ ਦਸੂਹਾ - ਜਲੰਧਰ ਸਰੱਕਟ ਨੂੰ ਚਾਲੂ ਕੀਤਾ ਗਿਆ । ਇਸ ਗਰਿਡ ਦਾ ਵਧੀਆ ਰੱਖ ਰੱਖਾਵ ਸਬ-ਸਟੇਸ਼ਨ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਸਖਤ ਮਿਹਨਤ ਸਦਕਾ ਹੀ ਹੋਇਆ ਹੈ । ਇਸ ਸਬ ਸਟੇਸ਼ਨ ਦੇ ਖੇਤਰ ਵਿਚ ਸਹੀ ਢੰਗ ਨਾਲ ਕੰਡਾਂ ਤਾਰ ਲਾਈ ਹੋਈ ਹੈ ਅਤੇ ਪੱਥਰ (gravels) ਵੀ ਪਾਇਆ ਹੋਇਆ ਹੈ । ਇਸ ਸਬ ਸਟੇਸ਼ਨ ਦੀ ਸੁੰਦਰਤਾ ਨੂੰ ਵਧਾਉਣ ਲਈ ਰਸਤਿਆ ਵਿਚ ਫੂਲਾਂ ਦੇ ਗਮਲੇ ਰੱਖੇ ਹੋਏ ਹਨ ਅਤੇ ਵਾਤਾਵਰਣ ਨੂੰ ਸੁੱਧ ਰਖਣ ਲਈ ਪੌਧੇ ਲਗਾਏ ਹੋਏ ਹਨ । ਇਸ ਸਬ ਸਟੇਸ਼ਨ ਦੀ ਕੁੱਲ ਜ਼ਮੀਨ 99 ਏਕੜ ਹੈ ਅਤੇ ਇਸ ਦੇ ਆਲੇ-ਦੁਆਲੇ ਦੇ ਵਾਤਾਵਰਣ ਦੇ ਵਧੀਆ ਰੱਖ ਰੱਖਾਵ ਲਈ ਦਰੱਖਤ ਲਗਾਏ ਗਏ ਹਨ। ਇਥੇ ਇੱਕ 100 ਐਮ.ਵੀ.ਏ. 220/66 ਕੇ.ਵੀ. ਦਾ ਟਰਾਂਸਫਾਰਮਰ ਲਗਿਆ ਹੋਇਆ ਹੈ ।




220 ਕੇ.ਵੀ. ਮਲੇਰਕੋਟਲਾ - ਪੱਖੋਵਾਲ ਲਾਈਨ ਵਧੀਆਂ ਕਾਰਗੁਜਾਰੀ ਦਾ ਅਵਾਰਡ ਪ੍ਰਾਪਤ ਕਰਦੇ ਹੋਏ।

### ਸੇਵਾ ਨਿਵਿਰਤੀਆਂ

ਪੀ.ਐਸ.ਟੀ.ਸੀ.ਐਲ. ਇਸ ਤਿਮਾਹੀ ਦੋਰਾਨ ਸਾਰੇ ਸੇਵਾ ਨਿਵਿਰਤੀਆਂ ਨੂੰ ਸੁਭ ਕਾਮਨਾਵਾਂ ਅਤੇ ਚੰਗੀ ਸਿਹਤ ਲਈ ਸੁਭ ਇਛਾਵਾਂ ਦਿੰਦਾ ਹੈ।

- ਇੰਜੀ: ਆਰ.ਕੇ. ਸ਼ਰਮਾ, ਪ੍ਰਮੁੱਖ ਇੰਜੀ ਦੇ ਅਹੁਦੇ ਤੋਂ ਮਿਤੀ 31.1.2014 ਨੂੰ ਸੇਵਾ ਨਿਵਿਰਤ ਹੋਏ
- ਇੰਜੀ: ਕੁਲਦੀਪ ਸਿੰਘ, ਏ ਈ ਈ ਦੇ ਅਹੁਦੇ ਤੋਂ ਮਿਤੀ 28.2.2014 ਨੂੰ ਸੇਵਾ ਨਿਵਿਰਤ ਹੋਏ
- ਇੰਜੀ: ਤਰਲੋਚਨ ਸਿੰਘ, ਏ ਈ ਈ ਦੇ ਅਹੁਦੇ ਤੋਂ ਮਿਤੀ 28.2.2014 ਨੂੰ ਸੇਵਾ ਨਿਵਿਰਤ ਹੋਏ
- ਇੰਜੀ: ਸੁਖਦੇਵ ਸਿੰਘ, ਸੀਨੀਅਰ ਕਾਰਜਕਾਰੀ ਇੰਜੀ ਦੇ ਅਹੁਦੇ ਤੋਂ ਮਿਤੀ 31.3.2014 ਨੂੰ ਸੇਵਾ ਨਿਵਿਰਤ ਹੋਏ

# ਗਣਤੰਤਰ ਦਿਵਸ 2014

ਗਣਤੰਤਰ ਦਿਵਸ 2014 ਪੀ.ਐਸ.ਟੀ.ਸੀ.ਐਲ. ਵਲੋਂ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਝੰਡਾ ਲਹਿਰਾਉਣ ਦੀ ਰਸਮ ਮੁੱਖ ਮਹਿਮਾਨ ਡਾਇਰੈਕਟਰ/ ਵਿੱਤ ਤੇ ਵਣਜ ਸ੍ਰੀ ਯੂ.ਕੇ. ਪੰਡਾ ਵਲੋਂ ਅਦਾ ਕੀਤੀ ਗਈ ਤੇ ਸ੍ਰੀ ਨੀਰਜ ਹਿੱਤ ਅਭਿਲਾਸ਼ੀ ਤਾਇਲ ਡਾਇਰੈਕਟਰ/ਪ੍ਰਬੰਧਕੀ ਵਿਸ਼ੇਸ਼ ਮਹਿਮਾਨ ਸਨ। ਇਸ ਮੋਕੇ ਤੇ ਸਭਿਆਚਾਰਕ ਪ੍ਰੋਗਰਾਮ ਦਾ ਵੀ ਪ੍ਰਬੰਧ ਕੀਤਾ ਗਿਆ।



- "Truth" is like surgery, It hurts but it cures and "Lie" is like a pain killer, it give relief but has its side effects later

Iron is very strong metal but it becomes weak when it is hot. So always stay cool and happy in any situation. You will always be strong in life.

- Happy is the person who knows: What to forget of the past, What to enjoy in the present and what to plan for in the future

**CA S.K. Beri, CAO**

## ਕੰਡਕਟਰ (ਉੱਚ ਤਾਪਮਾਨ ਤੇ ਘੱਟ ਸੈਗ ਲਈ)

With a steady and considerable increase in power requirement during the last few years many of the existing transmission lines are overloaded. Due to space/ROW constraints and growing resistance on part of land owner's, construction of new sub-stations and transmission lines is becoming more and more difficult with every passing day. It is the need of the hour to explore alternate solutions for over loaded, transmission lines which cannot be de-loaded by way of construction of new lines. One such solution, which is gaining popularity now a day is to replace the existing ACSR with equivalent size High Temperature Low Sag conductors, commonly, referred as HTLS. Many types of HTLS are available in the market and a few prominent ones are as follows:

1. Gap Type HTLS: These conductors were developed in Japan in late 1960s. The conductor consists of an extra high strength steel core surrounded by stranded layers of aluminum alloy. GTACSR use heat resistant aluminum alloy (TAl) and can with stand up to 150°C. It can carry 1.6 times higher current than ACSR of equivalent size. The sag at this temp. is 96% of ACSR sag (at 90°C). GZTACSR use super thermal resistant aluminum alloy (ZTAl) which can withstand up to 210°C and can carry two times higher current than ACSR of equivalent size. The sag at this temperature is 104% of ACSR sag (at 90°C).
2. Aluminum Conductor Composite Reinforced (ACCR): This conductor is a patented product of 3M Technologies of USA. The core of the conductor is stranded from wires of alumina fibers embedded with high purity aluminum. The outer current carrying wires are of hardened Aluminum Zirconium alloy. The resulting conductor has the same strength as similar sized ACSR but is much lighter and sags less. Operating temperature up to 210°C is common with emergency temperature going up to 240°C. The current carrying capacity is twice that of the similar sized ACSR Conductor.
3. Aluminum Conductor Steel Supported (ACSS) : This conductor comprises of an inner core of steel wire coated with an alloy of zinc & aluminum. Annealed aluminum strands form the outer layer of the conductor. When stressed the aluminum elongates and transfers the entire load to the steel core. The conductor can operate up to 210°C and can achieve current carrying capacities in the range of 1.6-2 times that of similar ACSR.
4. Super Thermal Alloy Conductor Invar Reinforced (STACIR) : The conductor comprises of an inner core of Aluminum clad Invar (36% Nickle in steel) and concentrically arranged Super Thermal Alloy (STAL). The STAL is manufactured from Aluminum Zirconium rods. Aluminum clad Invar has low thermal co-eff. of expansion even at 210°C which enables it to maintain sag equivalent to ACSR. It has more than twice the current carrying capacity as compared to equivalent ACSR. The only drawback is very high cost as compared to other products. The following are the major benefits of HTLS Conductors for re-conductring: a) Increased current carrying capacity, b) No/minimum modification required on existing towers, c) Higher corrosion resistance, d) Lower Capex.

Er. Munish Bhardwaj
Addl. SE, Transmission System (D)

## ਆਈ. ਟੀ ਦੇ ਉਪਰਾਲੇ

ਪੀ.ਐਸ.ਟੀ.ਸੀ.ਐਲ ਦੇ ਸਾਰੇ ਸਟੋਰਾ ਦਾ ਕਮਿਪੂਟਰਾਈਜੇਸਨ ਕਰਨ ਲਈ ਪੀ.ਐਸ.ਟੀ.ਸੀ.ਐਲ ਦੇ ਆਈ. ਟੀ ਵਿਭਾਗ ਵਲੋਂ (ਸਟੋਰ ਮੈਨੇਜਮੈਂਟ ਸਿਸਟਮ) ਦਾ ਸਾਫਟਵੇਅਰ ਤਿਆਰ ਕੀਤਾ ਗਿਆ । ਇਹ ਸਾਫਟਵੇਅਰ ਪੀ.ਐਸ.ਟੀ.ਸੀ.ਐਲ ਦੀ ਵੈਬਸਾਈਟ www.pstcl.org ਤੇ ਪਾਇਆ ਗਿਆ ਹੈ। ਇਹ ਸੋਫਟਵੇਅਰ ਸਟੋਰ ਦੇ ਕਰਮਚਾਰੀਆਂ ਲਈ ਬਹੁਤ ਸਾਰੀਆਂ ਵਸਤਾ ਨੂੰ ਆਨ ਲਾਈਨ ਕਰਦਾ ਹੈ ਜਿਵੇਂ ਕਿ ਜੀ.ਆਰ, ਐਸ.ਆਰ., ਐਸ.ਆਰ.ਡਬਲਿਯੂ, ਇਨਡੈਂਟ ਅਤੇ ਚਲਾਨ ਆਦਿ ਅਤੇ ਵੱਖ ਵੱਖ ਰਿਪੋਰਟਾ ਤਿਆਰ ਕਰਨ ਵਿਚ ਮੱਦਦ ਕਰਦਾ ਹੈ ।

ਇਹ ਸਾਫਟਵੇਅਰ ਸਟੋਰ ਦੀਆਂ ਵਸਤਾ, ਸਟਾਕ ਪੁਜੀਸ਼ਨ ਅਤੇ ਕੀਮਤ ਬਾਬਤ ਦੱਸ ਦਿੰਦਾ ਹੈ । ਫੀਲਡ ਅਧਿਕਾਰੀ ਇਸ ਸਾਫਟਵੇਅਰ ਰਾਹੀ ਸਿਧੇ ਵਸਤਾ ਦੀ ਆਨਲਾਈਨ ਮੌਜੂਦਗੀ ਦੇਖ ਸਕਦੇ ਹਨ । ਇਹ ਸਾਫਟਵੇਅਰ ਪੀ.ਐਸ.ਟੀ.ਸੀ.ਐਲ ਦੀ ਇਨਵੈਂਟਰੀ ਨੂੰ ਕੰਟਰੋਲ ਕਰਨ ਅਤੇ ਮੌਕੇ ਮੁਤਾਬਕ ਵਸਤਾਂ ਦੀ ਵਰਤੋਂ ਕਰਨ ਵਿਚ ਮੱਦਦ ਦੇਵੇਗਾ । ਆਈ. ਟੀ ਵਲੋਂ ਹੇਠ ਲਿਖੇ ਸਾਫਟਵੇਅਰ ਵੀ ਤਿਆਰ ਕੀਤੇ ਗਏ ਹਨ ਜਿਹੜੇ ਕਿ ਅਜੇ ਟ੍ਰਾਈਲ ਰਨ ਤੇ ਹਨ:-

1. ਵਿੱਤੀ ਮੈਨੇਜਮੈਂਟ ਸੂਚਨਾ ਸਿਸਟਮ
2. ਵਿਤੀ ਸੰਕਲਤਾ ਦਾ ਤਾਣਾਬਾਣਾ
3. ਕੋਰਟ ਕੇਸ ਮੈਨੇਜਮੈਂਟ ਸੂਚਨਾ ਸਿਸਟਮ

S.E/IT

**ਜਨਵਰੀ ਤੋ ਮਾਰਚ 2014 ਦੋਰਾਨ ਹੇਠ ਲਿਖੇ ਸਬ-ਸਟੇਸ਼ਨਾਂ ਦਾ ਉਦਘਾਟਨ ਹੋਇਆ**

1. 400 ਕੇਵੀ ਰਿੰਗ ਮੇਨ ਸਿਸਟਮ, ਭਲਵਾਨ  ਦਾ ਉਦਘਾਟਨ ਮਾਨਯੋਗ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਵੱਲੋਂ 11.2.2014 ਨੂੰ ਕੀਤਾ ਗਿਆ।
2. 220 ਕੇਵੀ ਸਬ-ਸਟੇਸ਼ਨ, ਘੁਲਾਲ ਦਾ ਉਦਘਾਟਨ ਸਰਦਾਰ ਅਜਮੇਰ ਸਿੰਘ ਲਖੋਵਾਲ ਚੇਅਰਮੈਂਨ ਪੰਜਾਬ ਮੰਡੀ ਬੋਰਡ ਵੱਲੋਂ  15.2.2014 ਨੂੰ ਕੀਤਾ ਗਿਆ।
3. 220 ਕੇਵੀ ਸਬ-ਸਟੇਸ਼ਨ, ਛਾਜਲੀ ਦਾ ਉਦਘਾਟਨ ਰਾਜ ਸਭਾ ਦੇ ਮਾਨਯੋਗ ਮੈਂਬਰ ਸ. ਸੁਖਦੇਵ ਸਿੰਘ ਢੀਂਡਸਾ ਵੱਲੋਂ 20.2.2014 ਨੂੰ ਕੀਤਾ ਗਿਆ।
4. 220 ਕੇਵੀ ਸਬ-ਸਟੇਸ਼ਨ, ਉਦੋਕੇ ਸ. ਬਿਕਰਮ ਸਿੰਘ ਮਜੀਠੀਆ ਕੈਬਨਿਟ ਮੰਤਰੀ, ਵਲੋ 14.2.2014 ਨੂੰ ਕੀਤਾ ਗਿਆ।
5. 220 ਕੇਵੀ ਸਬ-ਸਟੇਸ਼ਨ, ਬਾਂਗਾ ਦਾ ਉਦਘਾਟਨ ਰਾਜ ਸਭਾ ਦੇ ਮਾਨਯੋਗ ਮੈਂਬਰ ਸ. ਸੁਖਦੇਵ ਸਿੰਘ ਢੀਂਡਸਾ ਵੱਲੋਂ  20.2.2014 ਨੂੰ ਕੀਤਾ ਗਿਆ।
6. 220 ਕੇਵੀ ਸਬ-ਸਟੇਸ਼ਨ, ਧਨੋਲਾ ਦਾ ਉਦਘਾਟਨ ਰਾਜ ਸਭਾ ਦੇ ਮਾਨਯੋਗ ਮੈਂਬਰ ਸ. ਸੁਖਦੇਵ ਸਿੰਘ ਢੀਂਡਸਾ ਵੱਲੋਂ 24.2.2014 ਨੂੰ ਕੀਤਾ ਗਿਆ।



**ਗਣਤੰਤਰਤਾ ਦਿਵਸ 2014 ਦੇ ਮੌਕੇ ਤੇ ਸਭਿਆਚਾਰਕ ਪ੍ਰੋਗਰਾਮ**

### ਸੰਸਥਾ ਦੀ ਦ੍ਰਿਸ਼ਟੀ

ਸੰਸਥਾ ਦੀ ਦ੍ਰਿਸ਼ਟੀ ਇਹ ਬਿਆਨ ਕਰਦੀ ਹੈ ਕਿ ਸੰਸਥਾ ਕੀ ਬਣਨਾ ਚਾਹੁੰਦੀ ਹੈ। ਇਹ ਸੰਸਥਾ ਦੇ ਸਾਰੇ ਸਹਿਯੋਗੀਆਂ ਨੂੰ ਮਾਣ, ਉਤਸ਼ਾਹ, ਪ੍ਰੇਰਣਾ ਅਤੇ ਆਪਣੇ ਤੋ ਇਕ ਬਹੁਤ ਵੱਡੀ ਚੀਜ਼ ਦਾ ਹਿੱਸਾ ਹੋਣ ਦਾ ਅਹਿਸਾਸ ਦੁਆਉਂਦੀ ਹੈ। ਦ੍ਰਿਸ਼ਟੀ ਸੰਸਥਾ ਦੇ ਭਵਿੱਖ ਦੀ ਸੂਰਤ ਅਤੇ ਦਿਸ਼ਾ ਬਾਰੇ ਦੱਸਦੀ ਹੈ। ਜ਼ਦੋਂ ਕਰਮਚਾਰੀ ਸੰਸਥਾ ਦੀ ਦ੍ਰਿਸ਼ਟੀ ਨੂੰਅਪਣਾ ਲੈਂਦੇ ਹਨ ਤਾਂ ਉਹ ਇਸ ਨੂੰਸੱਚ ਕਰਨ ਲਈ ਯਤਨਸ਼ੀਲ ਹੋ ਜਾਂਦੇ ਹਨ।

### ਦ੍ਰਿਸ਼ਟੀ -ਸਾਡੇ ਲਈ ਇਸ ਦਾ ਮਤਲਬ:

- ਆਪਣੇ ਆਲੇ ਦੁਆਲੇ ਵਾਪਰਦੀਆਂ ਘਟਨਾਵਾਂ ਨਾਲ ਸਹੀ ਢੰਗ ਨਾਲ ਨਿਪਟਣਾ।
- ਹਮੇਸ਼ਾ ਉਤਸ਼ਾਹ ਵਿੱਚ ਰਹਿੰਦੇ ਹੋਏ ਚੰਗੇ ਪੱਧਰ ਦੀ ਲਗਾਤਾਰ ਬਿਜਲੀ ਸਪਲਾਈ ਦੇਣਾ।
- ਲਗਾਤਾਰ ਵਿਉਂਤਬੰਦੀ ਕਰਨਾ, ਨਿਗਰਾਨੀ ਰੱਖਣਾ ਅਤੇ ਜਿਥੇ ਲੋੜ ਹੋਵੇ ਉਥੇ ਨਵੀਂ ਯੋਜਨਾ ਬਨਾਉਣਾ ਅਤੇ ਲਾਗੂ ਕਰਨਾ।
- ਜਿਹੜੀ ਵੀ ਏਜੰਸੀ ਨਾਲ ਮੇਲ ਜ਼ੋਲ ਕੀਤਾ ਜਾਵੇ, ਉਸ ਪ੍ਰਤੀ ਸੰਵੇਦਨਸ਼ੀਲ ਰਹਿਣਾ।
- ਇੱਕ ਅਜਿਹਾ ਸੰਸਥਾਨ ਬਣਨਾ ਜਿਸ ਵਿੱਚ ਸਾਰੇ ਸਹਿਕਰਮੀ ਸੰਸਥਾ ਦੀ ਸਫਲਤਾ ਵੱਲ ਲਗਨ ਅਤੇ ਸਮਰਪਣ ਨਾਲ ਕੰਮ ਕਰਨ।

## ਬੰਦਾ

Er. J.S Zafar
Addl. SE/ Proc., P & M Ludhiana

ਮੈਂ ਸਮੁੰਦਰ ਵੱਲ ਵਗਦੇ ਦਰਿਆ ਨੂੰ ਪੁੱਛਿਆ
ਕਿਵੇਂ ਵਗ ਲੈਂਦਾ ਹੈਂ ਲਗਾਤਾਰ?
ਅੱਗੋਂ ਦਰਿਆ ਨੇ ਪੁੱਛਿਆ
ਵਗਣਾ ਕੀ ਹੁੰਦਾ?
ਦਰਿਆ ਨਾਲ ਤੁਰਦਿਆਂ
ਸਮੁੰਦਰ ਕੋਲ ਪੁੱਜਿਆ
ਜੋ ਚੰਦ ਵੱਲ ਦੇਖ ਕੇ ਸੀ ਹੱਸ ਰਿਹਾ
ਓਸ ਨੂੰ ਪੁੱਛਿਆ-
ਏਨਾ ਗਹਿਰਾ ਕਿਵੇਂ ਹੋਇਆ?
ਸਮੁੰਦਰ ਕਹਿਣ ਲੱਗਾ
ਗਹਿਰਾਈ ਕੀ ਹੁੰਦੀ?
ਫਿਰ ਮੈਂ ਚੰਦ ਨੂੰ ਪੁੱਛਿਆ-
ਏਨਾ ਸ਼ਾਂਤ ਕਿਉਂ ਹੈਂ?
ਚੰਦ ਨੇ ਹੈਰਾਨ ਹੋ ਪੁੱਛਿਆ-
ਇਹ ਸ਼ਾਂਤੀ ਕੀ ਚੀਜ਼ ਹੋਈ?
ਰਾਤੀਂ ਮੇਰੇ ਸੁਪਨੇ ‘ਚ
ਦਰਿਆ ਸਮੁੰਦਰ ਤੇ ਚੰਦ ਆ ਕੇ ਕਹਿੰਦੇ-
ਬੰਦਾ ਬਣ
ਮੈਥੋਂ ਪਰਤ ਕੇ ਪੁੱਛ ਨਹੀਂ ਹੁੰਦਾ-
ਇਹ ਬੰਦਾ ਕੀ ਹੁੰਦਾ?

Success is to be measured not so much by the position that one has reached in life but by the obstacles which he has overcome.

**S. Jasvir Singh, Company Secy.**

## ਝਲਕੀਆਂ




ਚੀਫ ਐਡੀਟਰ: ਚੀਫ ਇੰਜੀ./ਐਚ.ਆਰ,ਪਲੈਨਿੰਗ ਅਤੇ ਆਈ.ਟੀ.




ਗਣਤੰਤਰ ਦਿਵਸ 2014 ਦੇ ਮੌਕੇ ਤੇ
ਪੀ.ਐਸ.ਟੀ.ਸੀ.ਐਲ. ਦੀ ਗਿੱਧਾ ਟੀਮ



ਗਣਤੰਤਰ ਦਿਵਸ 2014 ਤੇ ਪੀ.ਐਸ.ਟੀ.ਸੀ.ਐਲ. ਦਾ ਪਹਿਲਾ
ਤਿਮਾਹੀ ਖਬਰਨਾਮਾ ਜਾਰੀ ਹੋਇਆ



ਉਪ ਮੁੱਖ ਮੰਤਰੀ ਪੰਜਾਬ ਵਲੋ 11.2.2014 ਨੂੰ 400
ਕੇ.ਵੀ ਸ/ਸ ਭਲਵਾਨ ਦੇ ਉਦਘਾਟਨ ਤੋ ਪਹਿਲਾ ਮਾਨਯੋਗ
ਪੀ.ਐਸ.ਟੀ.ਸੀ.ਐਲ. ਦੇ ਸੀ. ਐਮ. ਡੀ ਸੰਖੇਪ ਕਰਦੇ ਹੋਏ



ਸ. ਸੁਖਦੇਵ ਸਿੰਘ ਢੀਂਡਸਾ ਰਾਜ ਸਭਾ ਦੇ ਮਾਨਯੋਗ ਮੈਂਬਰ ਵਲੋ
20.2. 2014 ਨੂੰ 220 ਕੇਵੀ ਸਬ-ਸਟੇਸ਼ਨ, ਬਾਂਗਾ ਦਾ
ਉਦਘਾਟਨ ਕੀਤਾ ਗਿਆ



28-31 ਜਨਵਰੀ, 2014 ਨੂੰ ਪੋਰਟ
ਬਲੇਅਰ ਵਿਖੇ ICWAI ਵਲੋ ਪ੍ਰੋਗਰਾਮ